# ਲੋਕ ਸੇਵਕ ਕਾਮਰੇਡ ਜਗੀਰ ਸਿੰਘ ਜੋਗਾ

**-ਸ੍ਰੀਮਤੀ ਮਹਿੰਦਰ ਕੌਰ**
(ਕਾਮਰੇਡ ਜਗੀਰ ਸਿੰਘ ਜੋਗਾ ਦੀ ਭਤੀਜੀ)

ਸਿਆਸੀ ਘੁਲਾਟੀਏ ਦੇ ਪਰਿਵਾਰ ਵਿਚ ਜਨਮ ਲੈਣ ਕਾਰਨ ਕਈ ਚੀਜ਼ਾਂ ਦਾ ਇਲਮ ਬਚਪਨ ਵਿਚ ਹੀ ਹੋ ਗਿਆ। ਮੈਂ 6-7 ਸਾਲ ਦੀ ਹੋਵਾਂਗੀ, ਜਦੋਂ ਮੈਂ ਪਹਿਲੀ ਵਾਰ 'ਕੁਰਕੀ' ਸ਼ਬਦ ਸੁਣਿਆ। ਸਵੇਰੇ-ਸਵੇਰੇ ਮੂੰਹ ਹਨੇਰੇ ਹੀ ਪੁਲਿਸ ਨੇ ਘਰ ਨੂੰ ਚਾਰੇ ਪਾਸਿਓਂ ਘੇਰਿਆ ਅਤੇ ਜ਼ੋਰ ਜ਼ੋਰ ਦੀ ਕੁੰਡਾ ਖੜਕਾਈ ਜਾਣ। ਸਾਡੀ ਅੰਬੋ (ਦਾਦੀ) ਵੀ ਬਹੁਤ ਡਾਢੀ ਸੀ। ਉਸ ਨੇ ਅੰਦਰੋਂ ਹੀ ਪੂਰੇ ਮਲਵਈ ਅੰਦਾਜ਼ ਵਿਚ ਪੁਲਿਸ ਨੂੰ ਬੁਰਾ-ਭਲਾ ਕਿਹਾ ਅਤੇ ਪੁਲਿਸ ਨੂੰ ਸਬਰ ਕਰਨ ਲਈ ਕਿਹਾ। ਏਨੇ ਵਿਚ ਤਾਇਆ ਜੀ ਤਾਂ ਗੁਆਂਢੀਆਂ ਦੇ ਕੋਠੇ ਉੱਤੋਂ ਦੀ ਹੁੰਦੇ ਹੋਏ ਦੂਰ ਨਿਕਲ ਗਏ। ਫਿਰ ਅੰਬੋ ਨੇ ਦਰਵਾਜ਼ਾ ਖੋਲ੍ਹਿਆ ਅਤੇ ਦਰੋਗੇ ਨੂੰ ਦੋ-ਚਾਰ ਸੁਣਾ ਦਿੱਤੀਆਂ। ਘਰ ਦੀ ਤਲਾਸ਼ੀ ਲਈ ਗਈ, ਨਾਲ ਹੀ 'ਕੁਰਕੀ' ਦੇ ਹੁਕਮ ਸਨ। ਛੇ ਕਿੱਲੇ ਜ਼ਮੀਨ, ਬਲਦਾਂ ਦੀ ਜੋੜੀ ਅਤੇ ਗੱਡਾ ਜ਼ਬਤ ਹੋ ਗਏ। ਇਸ ਤੋਂ ਬਾਅਦ ਹਰ ਤਿੰਨ-ਚਾਰ ਮਹੀਨਿਆਂ ਬਾਅਦ ਇਹ ਹੁੰਦਾ ਰਹਿੰਦਾ ਪਰੰਤੂ ਘਰ ਵਾਲੇ ਹੁਣ ਸਮਝ ਗਏ ਤੇ ਉਨ੍ਹਾਂ ਇਕ ਅਲੱਗ ਕੋਠੜੀ ਵਿਚ ਦੋ ਮੰਜੇ ਰੱਖ ਦਿੱਤੇ। ਕੁਝ ਬਰਤਨ, ਟਰੰਕ ਰੱਖ ਦਿੱਤੇ ਕਿ ਜੋਗਾ ਜੀ ਦਾ ਤਾਂ ਇਹੋ ਸਾਮਾਨ ਹੈ। ਇਸ ਨੂੰ ਕੁਰਕ ਕਰ ਲਵੋ। ਤਾਇਆ ਜੀ ਨੂੰ ਅੱਜ ਕੱਲ੍ਹ ਦੇ ਨੇਤਾਵਾਂ ਵਾਂਗੂੰ ਧੋਖਾਧੜੀ ਜਾਂ ਫਰੇਬ ਕਾਰਨ, ਪੁਲਿਸ ਨਹੀਂ ਭਾਲਦੀ ਸੀ। ਉਹ ਤਾਂ ਪੰਦਰਾਂ ਸਾਲ ਦੀ ਉਮਰ ਤੋਂ ਹੀ ਦੇਸ਼ ਦੀ ਆਜ਼ਾਦੀ ਦੀ ਲੜਾਈ ਲਈ ਆਪਣਾ ਸੁਖ-ਆਰਾਮ ਛੱਡ ਕੇ ਕਿੰਨੀ ਵਾਰ ਜੇਲ੍ਹ ਗਏ ਅਤੇ ਆਏ।

ਹੁਣ ਤਾਂ ਹਿੰਦੁਸਤਾਨ ਆਜ਼ਾਦ ਹੋ ਗਿਆ ਸੀ ਪਰ ਪਟਿਆਲਾ ਰਿਆਸਤ ਦੇ ਲੋਕ ਓਦੋਂ ਵੀ ਦੋਹਰੀ ਗੁਲਾਮੀ ਕੱਟ ਰਹੇ ਸਨ।

ਕਾਮਰੇਡ ਤੇਜ਼ਾ ਸਿੰਘ ਸੁਤੰਤਰ ਦੀ ਅਗਵਾਈ ਵਿਚ ਬਣੀ ਲਾਲ ਕਮਿਊਨਿਸਟ ਪਾਰਟੀ ਦੇ ਤਾਇਆ ਜੀ ਸਿਰ ਕੱਢ ਆਗੂ ਸਨ। 1947-48 ਦੌਰਾਨ ਇਨ੍ਹਾਂ ਨੇ ਜਗੀਰਦਾਰੀ/ਰਜਵਾੜਾਸ਼ਾਹੀ ਵਿਰੁੱਧ ਬਹੁਤ ਸੰਘਰਸ਼ ਕੀਤਾ। ਕਈ ਥਾਂ ਜਾਗੀਰਦਾਰਾਂ ਦੇ ਗੁੰਡਿਆਂ ਅਤੇ ਪੁਲਿਸ ਨਾਲ ਮੁਜਾਰਿਆਂ ਵਿਚਕਾਰ ਖ਼ੂਨੀ ਝੜਪਾਂ ਵੀ ਹੋਈਆਂ। ਕਈ ਵਰਕਰ ਪੁਲਿਸ ਹੱਥੋਂ ਸ਼ਹੀਦ ਵੀ ਹੋਏ। ਇਸ ਇਨਕਲਾਬੀ ਲੜਾਈ ਕਰਕੇ ਹੀ ਸਰਕਾਰ ਨੂੰ ਭੂਮੀ ਸੁਧਾਰ ਕਰਨੇ ਪਏ। ਜਗੀਰਦਾਰਾਂ ਦੇ ਕਬਜ਼ੇ ਵਿਚੋਂ ਜ਼ਮੀਨ ਨਿਕਲੀ। ਜਿਉਂ-ਜਿਉਂ ਸੁਰਤ ਸੰਭਾਲੀ, ਅੰਬੋ ਦੀਆਂ ਆਪ ਬੀਤੀਆਂ ਅਤੇ ਤਾਇਆ ਜੀ ਦੇ ਸੰਗਰਾਮ ਦੀ ਲੜਾਈ ਸਮਝ ਆਉਣ ਲੱਗੀਆਂ।


ਕੂਕਾ ਲਹਿਰ ਦੇ ਸ਼ਹੀਦ ਸ਼ਾਮ ਸਿੰਘ ਦੇ ਖ਼ਾਨਦਾਨ ਵਿਚੋਂ ਸਾਡਾ ਦਾਦਾ ਬਾਬਾ ਉੱਤਮ ਸਿੰਘ ਪਿੰਡ ਦਾ ਨੰਬਰਦਾਰ ਸੀ। ਤਾਇਆ ਜੀ ਜੋ ਕਿ ਸਭ ਤੋਂ ਵੱਡੇ ਸਨ, ਸਿਰਫ਼ ਚੌਥੀ ਜਮਾਤ ਵਿਚ ਸਨ, ਜਦੋਂ ਦਾਦਾ ਜੀ ਦੀ ਮੌਤ ਹੋ ਗਈ। ਫੇਰ ਤਾਂ ਅੱਠ ਭੈਣ-ਭਰਾ ਅੰਬੋ ਨੇ ਹੀ ਪਾਲੇ। ਪਰ ਬਾਵਜੂਦ ਤੰਗੀ-ਤੁਰਸ਼ੀ ਦੇ ਸਾਰੇ ਬੱਚਿਆਂ ਨੂੰ ਪੜ੍ਹਾਇਆ। ਇਨ੍ਹਾਂ ਤੋਂ ਛੋਟੇ ਤਿੰਨ ਫ਼ੌਜ ਵਿਚ ਭਰਤੀ ਹੋ ਗਏ। ਇਨ੍ਹਾਂ ਵਿਚੋਂ ਹਮੀਰ ਸਿੰਘ ਨੂੰ ਫ਼ੌਜ ਵਿਚੋਂ ਪੈਨਸ਼ਨ ਆਏ ਨੂੰ ਕੁਝ ਹੀ ਮਹੀਨੇ ਹੋਏ ਸੀ ਕਿ ਪਿੰਡ ਵਿਚ ਡਾਕੂ ਆ ਗਏ ਅਤੇ ਬਾਣੀਆਂ ਦੇ ਘਰਾਂ ਨੂੰ ਲੁੱਟਣ ਲੱਗੇ। ਹਮੀਰ ਸਿੰਘ ਨੇ ਆਪਣੀ ਲਾਇਸੰਸੀ ਰਾਇਫਲ ਨਾਲ ਉਨ੍ਹਾਂ ਨਾਲ ਮੁਕਾਬਲਾ ਕੀਤਾ ਅਤੇ ਡਾਕੂਆਂ ਨੂੰ ਭੱਜਣਾ ਪਿਆ ਪਰੰਤੂ ਮੁਕਾਬਲੇ ਵਿਚ ਉਹ ਬੁਰੀ ਤਰ੍ਹਾਂ ਫੱਟੜ ਹੋ ਗਏ ਅਤੇ ਉਨ੍ਹਾਂ ਦੀ ਮੌਤ ਹੋ ਗਈ। ਉਸ ਤੋਂ ਛੋਟਾ ਭਰਾ, ਫ਼ੌਜ ਵਿਚੋਂ ਭਗੌੜਾ ਹੋ ਕੇ ਸੁਭਾਸ਼ ਚੰਦਰ ਬੋਸ ਦੀ ਫ਼ੌਜ ਨਾਲ ਬਰਮਾ ਚਲਾ ਗਿਆ ਅਤੇ ਉਥੇ ਸ਼ਹਾਦਤ ਪਾਈ।

ਪਹਿਲੀ ਵਾਰ 1948 ਵਿਚ ਜੇਲ੍ਹ ਵਿਚ ਬੈਠੇ ਹੀ ਤਾਇਆ ਜੀ ਐੱਮ.ਐੱਲ.ਏ. ਚੁਣੇ ਗਏ। 18 ਸਾਲ ਵਿਧਾਇਕ ਰਹੇ, ਪਰੰਤੂ ਉਨ੍ਹਾਂ ਦੇ ਰਹਿਣ-ਸਹਿਣ ਵਿਚ ਭੋਰਾ ਵੀ ਫ਼ਰਕ ਨਹੀਂ ਆਇਆ। ਜਦੋਂ 1970 ਵਿਚ ਅਸੀਂ ਚੰਡੀਗੜ੍ਹ ਵਿਚ ਰਹਿਣ ਲੱਗੇ ਤਾਂ ਤਾਇਆ ਜੀ ਨੇ ਐੱਮ.ਐੱਲ.ਏ. ਹੋਸਟਲ ਤੋਂ ਪੈਦਲ ਹੀ ਸਾਡੇ ਘਰ ਤਕ ਚੱਲ ਕੇ ਆਉਣਾ ਅਤੇ ਖਾਣ ਨੂੰ ਸਿਰਫ਼ ਤਿੰਨ ਫੁਲਕੇ ਅਤੇ ਮੂੰਗੀ ਦੀ ਦਾਲ। ਦੋ ਕੁੜਤੇ ਪਜਾਮੇ ਹੁੰਦੇ ਸੀ। ਇਕ ਧੋ ਲੈਣਾ ਅਤੇ ਦੂਜਾ ਪਾ ਲੈਣਾ। ਤਾਇਆ ਜੀ ਕੋਲ ਜ਼ਿੰਦਗੀ ਦਾ ਪਹਿਲਾ ਤੋਰਾ-ਫੇਰੀ ਦਾ ਸਾਧਨ ਕਾਰ 1992 ਵਿਚ ਆਇਆ, ਉਹ ਵੀ ਪਾਰਟੀ ਨੇ ਸਨਮਾਨ ਕਰਕੇ ਉਨ੍ਹਾਂ ਨੂੰ ਭੇਟਾ ਕੀਤੀ ਸੀ, ਕਿਉਂਕਿ ਪਾਰਟੀ ਨੇ ਅੱਤਵਾਦੀਆਂ ਦੇ ਖ਼ਤਰੇ ਨੂੰ ਧਿਆਨ ਵਿਚ ਰੱਖਿਆ ਸੀ। ਨਹੀਂ ਤਾਂ ਤਾਇਆ ਜੀ, ਆਮ ਲੋਕਾਂ ਦੇ ਆਗੂ, ਆਮ ਬਸ ਵਿਚ ਹੀ ਸਫ਼ਰ ਕਰਦੇ ਸੀ। ਵਿਆਹ ਵੀ ਉਨ੍ਹਾਂ ਵੱਡੀ ਉਮਰ ਵਿਚ ਤੇਜਾ ਸਿੰਘ ਸੁਤੰਤਰ ਦੇ ਮਜਬੂਰ ਕਰਨ 'ਤੇ ਹੀ ਕਰਵਾਇਆ। ਅੰਦਾਜ਼ਾ ਲਾਓ, ਮੈਂ ਉਨ੍ਹਾਂ ਦੇ ਸਭ ਤੋਂ ਛੋਟੇ ਭਰਾ ਦੀ ਬੇਟੀ ਤਾਇਆ ਜੀ ਦੇ ਵਿਆਹ ਵੇਲੇ ਸਕੂਲ ਜਾਣ ਲੱਗ ਪਈ ਸੀ।

ਤਾਇਆ ਜੀ ਦੀ ਇਮਾਨਦਾਰੀ ਅਤੇ ਕੁਰਬਾਨੀ ਸਦਕਾ ਹੀ ਜੋਗੇ-ਰੱਲੇ ਦੇ ਲੋਕ ਉਨ੍ਹਾਂ ਨੂੰ ਹੁਣ ਤਕ ਯਾਦ ਕਰਦੇ ਹਨ। ਜਿੰਨਾ ਵੱਡਾ ਤਾਇਆ ਜੀ ਦਾ ਕੱਦ, ਓਨਾ ਹੀ ਵੱਡਾ ਦਿਲ...ਜਿਸ ਵਿਚ ਆਪਣੇ ਆਪ ਲਈ ਤਾਂ ਜਿਵੇਂ ਕੋਈ ਇੱਛਾ ਦੀ ਸੇਵਾ, ਆਪਣੇ ਇਲਾਕੇ ਦੇ ਸੁਧਾਰ ਲਈ ਕੋਸ਼ਿਸ਼।



ਤਸਵੀਰ : ਜਗੀਰ ਸਿੰਘ ਜੋਗਾ ਸਨਮਾਨ ਸਮਾਰੋਹ (5 ਜਨਵਰੀ 1991, ਬਠਿੰਡਾ) ਮੌਕੇ ਰਿਲੀਜ਼ ਕੀਤੇ ਗਏ ਸੋਵੀਨਰ 'ਚੋਂ ਧੰਨਵਾਦ ਸਹਿਤ



ਕਵਿਤਾ : **ਵਿਦਰੋਹੀ**

“

**ਜਵਾਹਰ ਲਾਲ ਯੂਨੀਵਰਸਿਟੀ। ਹਿੰਦੁਸਤਾਨ ਦੀ ਪੜ੍ਹਾਈ-ਲਿਖਾਈ ਦੀ ਦੁਨੀਆ ਦਾ ਵਾਹਦ ਚਾਨਣ-ਮੁਨਾਰਾ। ਹਨੇਰੇ ਦੇ ਹੱਕ ’ਚ ਭੁਗਤਣ ਵਾਲੀਆਂ ਤਾਕਤਾਂ/ਸਰਕਾਰਾਂ ਹਮੇਸ਼ਾ ਉਹਨੂੰ ਢਾਹ ਲਾਉਣ ਦੀ ਤਾਕ ’ਚ ਰਹਿੰਦੀਆਂ ਨੇ। ਉਥੇ ਵਿਦਰੋਹੀ ਰਹਿੰਦਾ ਸੀ। ਬੁਲੰਦ ਆਵਾਜ਼, ਬਾਰੂਦੀ ਤੇ ਬਲਦੇ ਬੋਲ, ਯਖ਼ ਹੋਈਆਂ ਸੋਚਾਂ ਨੂੰ ਪਿਘਲਾਉਣ ਵਾਲੇ ਬੋਲ। 9 ਦਸੰਬਰ 2015 ਨੂੰ ਵਿਦਰੋਹੀ ਦਾ ਇੰਤਕਾਲ ਹੋ ਗਿਆ।**

**ਸਰਕਾਰੀ ਕਾ.ਗਜ਼ਾਂ ’ਚ ਨਾਂ ਰਾਮਸ਼ੰਕਰ ਯਾਦਵ ਬੋਲਦਾ ਹੈ। ਸੁਲਤਾਨਪੁਰ ਵਾਲਾ। ਉਹਦੀ ਅਕਲ, ਉਹਦਾ ਰੋਹ ਏਨਾ ਵੇਗਮਈ ਕਿ ਉਹ ਕਬੀਰ ਤੇ ਨਾਗਾਰੁਜਨ ਦੇ ਖ਼ਾਨਦਾਨ ਨਾਲ ਜੁੜ ਗਿਆ। 80ਵਿਆਂ ’ਚ ਕੀਤੇ ਆਪਣੇ ‘ਨੇਕ’ ਕਾਰਜਾਂ ਕਰਕੇ ਯੂਨੀਵਰਸਿਟੀ ਨੇ ਉਹਨੂੰ ਕੱਢ ਦਿੱਤਾ। ਝੋਲੇ ’ਚ ਕਵਿਤਾ, ਰੁੱਖਾਂ ਹੇਠ ਵਾਸਾ ਤੇ ਕਵਿਤਾ ਦੇ ਕਦਰਦਾਨਾਂ ਦਾ ‘ਆਸਰਾ’। ‘ਏਕ ਔਰਤ ਕੀ ਜਲੀ ਹੁਈ ਲਾਸ਼’ ਉਹਦੀ ਮਕਬੂਲ ਨਜ਼ਮ ਹੈ :**

*ਹਰ ਸਭਿਅਤਾ ਕੇ ਮੁਹਾਨੇ ਪੇ*
*ਏਕ ਔਰਤ ਕੀ ਜਲੀ ਹੁਈ ਲਾਸ਼*

… … …

*ਮੁਝ ਕੋ ਬਚਾਨਾ ਉਸ ਇਸਤ੍ਰੀ ਕੋ ਬਚਾਨਾ ਹੈ*
*ਜਿਸਕੀ ਲਾਸ਼ ਮੁਹੰਜੋਦੜੋ ਕੇ ਤਲਾਬ ਕੀ*
*ਆਖ਼ਰੀ ਸੀੜੀ ਪਰ ਪੜੀ ਹੁਈ ਹੈ*

”

• *ਕਵਿਤਾ*

ਮੈਂ ਕਿਸਾਨ ਹਾਂ
ਅੰਬਰ ’ਚ ਮੈਂ ਝੋਨਾ ਲਾ ਰਿਹਾ ਹਾਂ

ਕਹਿ ਰਹੇ ਨੇ ਕੁਝ ਲੋਕੀਂ
ਕਮਲਿਆ, ਅੰਬਰਾਂ ’ਚ ਨਹੀਂ ਲੱਗਣਾ ਝੋਨਾ
ਨਹੀਂ ਜੜ੍ਹ ਫੜਨੀ

ਮੈਂ ਆਖਦਾਂ : ਮੂਰਖੋ, ਵਲੱਲਿਓ
ਜੇ ਜ਼ਮੀਨ ’ਤੇ ਰੱਬ ਦੀਆਂ ਜੜ੍ਹਾਂ ਲੱਗ ਸਕਦੀਆਂ
ਤਾਂ ਅੰਬਰ ’ਤੇ ਝੋਨਾ ਵੀ ਉੱਗ ਸਕਦਾ ਹੈ

ਹਾਂ
ਤੇ ਹੁਣ ਦੋਵਾਂ ਗੱਲਾਂ ’ਚੋਂ
ਇਕ ਗੱਲ ਲਾਜ਼ਮੀ ਹੋਵੇਗੀ :
ਜਾਂ ਤਾਂ
ਜ਼ਮੀਨ ਤੋਂ ਰੱਬ ਪੁੱਟਿਆ ਜਾਊ
ਜਾਂ
ਅੰਬਰਾਂ ’ਚ ਝੋਨਾ ਵੀ ਲੱਗੂ
•



# ਬਾਲ ਸਾਹਿਤ : ਮਨੋਵਿਗਿਆਨਕ ਪਰਿਪੇਖ

-ਬਲਰਾਜ ਧਾਰੀਵਾਲ

ਬਾਲ ਸਾਹਿਤ ਦੀ ਗੱਲ ਕਰਦਿਆਂ ਕਿਤਾਬਾਂ, ਰਸਾਲਿਆਂ ਤੇ ਅਖ਼ਬਾਰਾਂ ਆਦਿ ਦੇ ਪੰਨਿਆਂ 'ਤੇ ਛਪੀਆਂ ਹੋਈਆਂ ਬਾਤਾਂ, ਲੋਕ-ਕਥਾਵਾਂ, ਬਾਲ-ਕਹਾਣੀਆਂ, ਕਵਿਤਾਵਾਂ, ਗੀਤ, ਰੰਗ-ਬਿਰੰਗੀਆਂ ਤੇ ਮਨਮੋਹਣੀਆਂ ਤਸਵੀਰਾਂ ਅਤੇ ਹਾਸਾ-ਠੱਠਾ ਪੈਦਾ ਕਰਨ ਵਾਲੇ ਕਾਰਟੂਨ ਅੱਖਾਂ ਸਾਹਮਣੇ ਆ ਜਾਂਦੇ ਹਨ। ਇਹ ਸਾਰਾ ਕੁਝ ਹੀ ਬੱਚਿਆਂ ਦੇ ਮਨਾਂ ਨੂੰ ਖ਼ੁਸ਼ੀ ਦਿੰਦਾ ਹੈ। ਛੋਟੇ ਬੱਚੇ ਜੋ ਕਿ ਹਾਲੀ ਪੜ੍ਹ-ਲਿਖਣ ਦੇ ਯੋਗ ਨਹੀਂ ਹੁੰਦੇ, ਉਹ ਰੰਗ-ਬਿਰੰਗੀਆਂ ਕਈ ਤਰ੍ਹਾਂ ਦੀਆਂ ਤਸਵੀਰਾਂ ਵੱਲ ਦੇਖ ਕੇ ਹੀ ਕਿਲਕਾਰੀਆਂ ਲਾਉਂਦੇ ਹਨ। ਜਿਹੜੇ ਬੱਚਿਆਂ ਨੂੰ ਪੜ੍ਹਨਾ ਆਉਂਦਾ ਹੈ, ਉਸ ਬਾਕੀ ਸਮੱਗਰੀ ਪੜ੍ਹ ਕੇ ਆਪਣਾ ਦਿਲ-ਪ੍ਰਚਾਵਾ ਕਰਦੇ ਹਨ। ਇਹ ਹੀ ਬਾਲ ਸਾਹਿਤ ਹੈ। ਸੋ ਬਚਪਨ 'ਚ ਜਿਹੋ ਜਿਹਾ ਸਾਹਿਤ ਪੜ੍ਹਨ ਦੀ ਆਦਤ ਬੱਚਿਆਂ 'ਚ ਪੈ ਜਾਂਦੀ ਹੈ, ਉਨ੍ਹਾਂ ਦੇ ਭਵਿੱਖ ਦੀ ਉਹੋ ਜਿਹੀ ਨੀਂਹ ਬਣ ਜਾਂਦੀ ਹੈ। ਜਿਵੇਂ ਮਕਾਨ ਬਣਾਉਣ ਲਈ ਅਸੀਂ ਉਸ ਦੀਆਂ ਨੀਹਾਂ ਦੀ ਮਜਬੂਤੀ ਵੱਲ ਧਿਆਨ ਦਿੰਦੇ ਹਾਂ ਇਵੇਂ ਹੀ ਬੱਚਿਆਂ ਦਾ ਭਵਿੱਖ ਵਧੀਆ ਬਣਾਉਣ ਲਈ ਲੇਖਕ ਉਨ੍ਹਾਂ ਲਈ ਚੰਗਾ ਸਾਹਿਤ ਰਚ ਕੇ ਉਨ੍ਹਾਂ ਦੇ ਰਾਹ-ਦਸੇਰੇ ਬਣ ਸਕਦੇ ਹਨ। ਬੱਚਿਆਂ ਨੂੰ ਬਾਲ-ਸਾਹਿਤ 'ਚੋਂ ਜਿਸ ਤਰ੍ਹਾਂ ਦੀ ਅਗਵਾਈ ਮਿਲੇਗੀ, ਉਨ੍ਹਾਂ ਦਾ ਵਿਕਾਸ ਉਸੇ ਢੰਗ ਨਾਲ ਹੋ ਕੇ ਉਹ ਉਹੋ ਜਿਹੀ ਸ਼ਖ਼ਸੀਅਤ ਦੇ ਮਾਲਕ ਬਣਨਗੇ। ਸੋ ਲੋੜ ਹੈ, ਸਾਨੂੰ ਬਾਲ-ਸਾਹਿਤ ਵੱਲ ਗੰਭੀਰਤਾ ਨਾਲ ਸੋਚਣ ਦੀ ਤਾਂ ਕਿ ਅਸੀਂ ਅਜਿਹਾ ਸਾਹਿਤ ਰਚ ਸਕੀਏ ਜਿਸ ਨਾਲ ਬੱਚਿਆਂ ਦਾ ਮਾਨਸਿਕ, ਦਿਮਾਗ਼ੀ, ਸਰੀਰਕ ਤੇ ਹਰ ਪੱਖ ਤੋਂ ਵਿਕਾਸ ਹੋ ਸਕੇ ਤੇ ਉਹ ਵੱਡੇ ਹੋ ਕੇ ਚੰਗੇਰਾ ਸਮਾਜ ਸਿਰਜਣ 'ਚ ਸਹਾਈ ਹੋ ਸਕਣ।

ਸਦੀਆਂ ਪਹਿਲਾਂ, ਜਦੋਂ ਹਾਲੀ ਬਾਲ ਸਾਹਿਤ ਨੇ ਕਿਤਾਬੀ ਰੂਪ ਨਹੀਂ ਸੀ ਧਾਰਿਆ ਤਾਂ ਉਦੋਂ ਸਾਹਿਤ ਦਾ ਇਹ ਰੂਪ ਬਾਤਾਂ, ਕਹਾਣੀਆਂ, ਕਵਿਤਾਵਾਂ, ਬੁਝਾਰਤਾਂ ਤੇ ਲੋਰੀਆਂ ਦੇ ਰੂਪ 'ਚ ਪੀੜ੍ਹੀ-ਦਰ-ਪੀੜ੍ਹੀ ਲੋਕਾਂ ਤਕ ਪੁੱਜਦਾ ਰਿਹਾ। ਸਭ ਤੋਂ ਪਹਿਲਾਂ ਪਤਾ ਨਹੀਂ ਕਿਸ ਬੱਚੇ ਦੀ ਮਾਂ ਨੇ ਲੋਰੀ ਗਾਈ ਹੋਵੇਗੀ, ਇਹ ਤਾਂ ਪਤਾ ਨਹੀਂ ਪਰ ਉਹ ਇਨ੍ਹਾਂ ਲੋਰੀਆਂ 'ਚ

ਓਨੀ ਹੀ ਮਿਠਾਸ ਅੱਜ ਹੈ ਜਿੰਨੀ ਕਿ ਉਸ ਪੁਰਾਣੇ ਸਮੇਂ 'ਚ ਸੀ। ਕੈਸਾ ਜਾਦੂ ਹੈ ਇਨ੍ਹਾਂ ਲੋਰੀਆਂ 'ਚ ਕਿ ਰੋਂਦਾ, ਵਿਲਕਦਾ, ਜ਼ਿੱਦ ਕਰਦਾ ਬੱਚਾ ਇਸ ਨੂੰ ਸੁਣਦਿਆਂ-ਸੁਣਦਿਆਂ ਨੀਂਦ-ਦੇਸ਼ 'ਚ ਪਹੁੰਚ ਜਾਂਦਾ ਹੈ ਤੇ ਕੈਸੇ-ਕੈਸੇ ਸੁਪਨ-ਦ੍ਰਿਸ਼ ਦੇਖਣ ਲੱਗ ਜਾਂਦਾ ਹੈ, ਕਦੀ ਉਸ ਦੇ ਚਿਹਰੇ 'ਤੇ ਮੁਸਕਰਾਹਟ ਫੈਲ ਜਾਂਦੀ ਹੈ ਤੇ ਕਦੀ ਰੋਣਾ ਮੂੰਹ ਵੀ ਬਣਾ ਲੈਂਦਾ ਹੈ। ਸ਼ਾਇਦ ਬਾਲ-ਸਾਹਿਤ ਦਾ ਪਹਿਲਾ ਰੂਪ 'ਲੋਰੀਆਂ' ਹੀ ਹੋਣ।

ਵਿਸ਼ਵ-ਪੱਧਰ ਦੇ ਬਾਲ-ਸਾਹਿਤ ਦੀ ਗੱਲ ਕਰੀਏ ਤਾਂ ਸਭ ਤੋਂ ਪਹਿਲਾਂ ਈਸਪ ਦੀਆਂ ਕਹਾਣੀਆਂ ਲਿਖਤੀ ਰੂਪ ਲਗਪਗ 14ਵੀਂ ਸਦੀ 'ਚ ਸਾਹਮਣੇ ਆਈਆਂ। ਕਹਿੰਦੇ ਹਨ ਕਿ ਈਸਪ ਯੂਨਾਨ ਦੇਸ਼ ਦਾ ਇਕ ਗ਼ੁਲਾਮ ਸੀ ਜਿਸ ਨੂੰ ਕਹਾਣੀਆਂ ਸੁਣਾਉਣ ਦਾ ਬੜਾ ਸ਼ੌਕ ਸੀ। ਉਹ ਲੋਕਾਂ ਦਾ ਮਨ-ਪ੍ਰਚਾਵਾ ਕਰਨ ਲਈ ਕਹਾਣੀਆਂ ਸੁਣਾਉਂਦਾ ਸੀ ਤੇ ਉਸ ਨੇ ਹਜ਼ਾਰਾਂ ਹੀ ਕਹਾਣੀਆਂ ਲੋਕਾਂ ਨੂੰ ਸੁਣਾਈਆਂ। ਇਨ੍ਹਾ ਕਹਾਣੀਆਂ ਦਾ ਸਮਾਂ 620 ਬੀ.ਸੀ.—520 ਬੀ.ਸੀ. ਦੇ ਵਿਚਕਾਰ ਦਾ ਸਮਾਂ ਕਿਹਾ ਜਾਂਦਾ ਹਹੈ। ਫਿਰ ਸਦੀਆਂ ਪਿੱਛੋਂ Maximus Planudes ਨਾਮੀ ਵਿਦਵਾਨ ਨੇ ਇਨ੍ਹਾਂ ਨੂੰ ਲਿਖਤੀ ਰੂਪ ਦਿੱਤਾ ( ਤੇ ਸਦੀਆਂ ਦਾ ਸਫ਼ਰ ਤੈਅ ਕਰਦੀਆਂ ਹੋਈਆਂ ਇਹ ਕਹਾਣੀਆਂ ਅੱਜ ਕਈ ਭਾਸ਼ਾਵਾਂ 'ਚ ਅਨੁਵਾਦ ਹੋ ਚੁੱਕੀਆਂ ਹਨ। ਇਨ੍ਹਾਂ ਕਹਾਣੀਆਂ 'ਚ ਜਾਨਵਰਾਂ ਨੂੰ ਆਪਸ 'ਚ ਗੱਲ ਕਰਦੇ ਦਿਖਾਇਆ ਗਿਆ ਹੈ ਤੇ ਇਹ ਕਹਾਣੀਆਂ ਨੈਤਿਕ ਸਿੱਖਿਆ 'ਤੇ ਆਧਾਰਿਤ ਹਨ।

ਸਾਡੇ ਭਾਰਤੀ ਸਾਹਿਤ 'ਚ ਪੰਚਤੰਤਰ ਦੀਆਂ ਕਹਾਣੀਆਂ ਤੇ ਕਵਿਤਾਵਾਂ ਦਾ ਕਿਤਾਬੀ ਰੂਪ ਬਹੁਤ ਪੁਰਾਣਾ ਹੈ। ਇਹ 200ਬੀ.ਸੀ. ਦੇ ਨੇੜੇ-ਤੇੜੇ ਪੰਡਤ ਵਿਸ਼ਨੂੰ ਸ਼ਰਮਾ ਜੀ ਦੀਆਂ ਲਿਖੀਆਂ ਹੋਈਆਂ ਹਨ। ਇਹ ਕਹਾਣੀਆਂ ਉਨ੍ਹਾਂ ਦੇ ਸੰਸਕ੍ਰਿਤ ਤੇ ਪਾਲੀ ਬੋਲੀ 'ਚ ਲਿਖੀਆਂ ਹਨ ਪਰ ਹੁਣ ਉਹ ਏਨੀਆਂ ਹਰਮਨ ਪਿਆਰੀਆਂ ਹੋ ਚੁੱਕੀਆਂ ਹਨ ਕਿ ਇਨ੍ਹਾਂ ਦਾ ਅਨੁਵਾਦ ਲਗਪਗ 57 ਭਾਸ਼ਾਵਾਂ 'ਚ ਹੋ ਚੁੱਕਾ ਹੈ। ਇਹ ਨੈਤਿਕ ਸਿੱਖਿਆ ਵੀ ਦਿੰਦੀਆਂ ਹਨ ਤੇ ਬੱਚਿਆਂ ਦਾ ਮਨੋਰੰਜਨ ਵੀ ਕਰਦੀਆਂ ਹਨ। ਇਵੇਂ ਹੀ ਅਰੇਬੀਅਨ ਨਾਈਟਸ ਤੇ ਸਿੰਧਬਾਦ-ਸਮੁੰਦਰੀ ਯਾਤਰੀ ਦੀਆਂ ਕਹਾਣੀਆਂ ਜਿਨ੍ਹਾਂ ਦੇ ਲੇਖਕਾਂ ਦਾ ਕੋਈ ਪਤਾ ਨਹੀਂ, ਬੱਚਿਆਂ ਲਈ ਕਾਫ਼ੀ ਦਿਲਚਸਪ ਹਨ। ਇਹ ਕਹਾਣੀਆਂ ਸਭ ਕਾਲਪਨਿਕ ਹਨ, ਇਨ੍ਹਾਂ 'ਚ ਕਈ ਅਜੀਬ ਟਾਪੂਆਂ, ਅਜੀਬੋ-ਗ਼ਰੀਬ ਜਾਨਵਰਾਂ, ਦਰਖ਼ਤਾਂ, ਫੁੱਲਾਂ, ਫਲਾਂ ਆਦਿ ਦਾ ਜ਼ਿਕਰ ਹੈ। ਇਨ੍ਹਾਂ 'ਚ ਅਜਿਹੇ ਕਾਰਨਾਮਿਆਂ ਦਾ ਜ਼ਿਕਰ ਹੈ, ਜਿਨ੍ਹਾਂ ਬਾਰੇ ਜਾਣਨ ਲਈ ਬੱਚਿਆਂ ਦੀ ਉਤਸੁਕਤਾ ਬਣੀ ਰਹਿੰਦੀ ਹੈ। ਇਨ੍ਹਾਂ ਕਹਾਣੀਆਂ ਦਾ ਲਿਖਤੀ ਰੂਪ 17ਵੀਂ ਤੇ 18ਵੀਂ ਸਦੀ 'ਚ ਸਾਹਮਣੇ ਆਇਆ ਅਤੇ ਹੁਣ ਇਹ ਵੀ ਕਈ ਭਾਸ਼ਾਵਾਂ 'ਚ ਸਾਡੇ ਸਾਹਮਣੇ ਹਨ।

ਇਹ ਉੱਪਰ ਦਿੱਤਾ ਸਾਹਿਤ, ਬੱਚਿਆਂ ਨੂੰ ਨੈਤਿਕ ਸਿੱਖਿਆਵਾਂ ਦਿੰਦਾ ਹੈ। ਉਨ੍ਹਾਂ ਦਾ ਮਨ-ਪ੍ਰਚਾਵਾ ਵੀ ਕਰਦਾ ਹੈ ਪਰ ਉਨ੍ਹਾਂ 'ਚ ਵਿਗਿਆਨਕ ਤਰਕ ਦੀ ਘਾਟ ਹੈ ਜਿਸ ਦੀ ਅੱਜ ਬੱਚਿਆਂ ਨੂੰ ਲੋੜ ਹੈ। ਇਸ 'ਚ ਕੋਈ ਸ਼ੱਕ ਨਹੀਂ ਕਿ ਜਾਦੂ ਦੀਆਂ ਕਹਾਣੀਆਂ ਤੇ ਪਰੀ-ਦਿਓਆਂ ਦੀਆਂ ਕਹਾਣੀਆਂ ਬੱਚਿਆਂ 'ਤੇ ਬਹੁਤ ਅਸਰ ਕਰਦੀਆਂ ਹਨ ਪਰ ਅੱਜ ਦੇ ਬੱਚਿਆਂ ਦੀਆਂ ਅੱਖਾਂ 'ਚ ਸਵਾਲ ਵੀ ਹਨ, ਜਿਨ੍ਹਾਂ ਦਾ ਲੇਖਕਾਂ ਨੂੰ ਤਰਕ ਨਾਲ ਤੇ ਦਿਲਚਸਪ ਢੰਗ ਨਾਲ ਜੁਆਬ ਦੇਣਾ ਬਣਦਾ ਹੈ ਤਾਂ ਕਿ ਬੱਚਿਆਂ ਦਾ ਮਨ ਸੰਤੁਸ਼ਟ ਹੋ ਸਕੇ।

ਬਹੁਤ ਹੀ ਖ਼ੁਸ਼ੀ ਵਾਲੀ ਗੱਲ ਹੈ ਕਿ ਹੁਣ ਲੇਖਕ ਬਾਲ-ਸਾਹਿਤ ਨੂੰ ਇਕ ਵੱਖਰੇ ਤੇ ਵਿਸ਼ੇਸ਼ ਨਜ਼ਰੀਏ ਨਾਲ ਦੇਖਣ ਲੱਗੇ ਹਨ। ਉਹ ਹੁਣ ਸਮਝਣ ਲੱਗੇ ਹਨ ਕਿ ਬਾਲ ਸਾਹਿਤ ਲਿਖਣ ਲਈ ਸਾਨੂੰ ਆਪਣੇ ਅੰਦਰ ਸੁੱਤਾ ਹੋਇਆ ਬੱਚਾ ਜਗਾਉਣਾ ਪੈਣਾ ਹੈ, ਉਸ ਦਾ ਦੋਸਤ ਬਣਨਾ ਪੈਂਦਾ ਹੈ। ਉਸ ਦੇ ਹਾਣ ਦਾ ਹੋਣਾ ਪੈਣਾ ਹੈ, ਹਰ ਚੀਜ਼, ਹਰ ਘਟਨਾ ਨੂੰ ਬੱਚੇ ਦੇ ਨਜ਼ਰੀਏ ਨਾਲ ਦੇਖਣਾ ਪੈਣਾ ਹੈ, ਪੂਰੀ ਤਰ੍ਹਾਂ ਬੱਚਾ ਬਣ ਕੇ ਉਸ ਦੇ ਬਰਾਬਰ ਦਾ ਸਾਹਿਤ ਸਾਨੂੰ ਰਚਨਾ ਪੈਣਾ ਹੈ। ਸਾਰੇ ਬਾਲ ਲੇਖਕਾਂ ਨੂੰ ਅਠਾਰ੍ਹਵੀਂ ਸਦੀ ਦੇ ਦੂਜੇ ਅੱਧ 'ਚ ਪੱਛਮੀ ਦੇਸ਼ਾਂ ਦੇ ਲੇਖਕਾਂ ਦਾ ਧੰਨਵਾਦੀ ਹੋਣਾ ਚਾਹੀਦਾ ਹੈ, ਜਿਨ੍ਹਾਂ ਨੇ ਸਭ ਤੋਂ ਪਹਿਲਾਂ ਬੱਚਿਆਂ ਦੀ ਮਾਨਸਿਕਤਾ ਨੂੰ ਪਛਾਣਨਾ ਸ਼ੁਰੂ ਕੀਤਾ। ਇਸ ਤੋਂ ਪਹਿਲਾਂ ਬੱਚਿਆਂ ਤੇ ਪ੍ਰੋੜ ਸਾਹਿਤ ਵਿਚ ਕੋਈ ਬਹੁਤਾ ਫ਼ਰਕ ਨਹੀਂ ਸੀ ਸਮਝਿਆ ਜਾਂਦਾ। ਉਦੋਂ ਸਾਹਿਤ ਦੇ ਵਿਚ ਧਾਰਮਿਕ ਸਿੱਖਿਆ, ਨੈਤਿਕ ਸਿੱਖਿਆ ਅਤੇ ਦੇਸ਼ ਭਗਤੀ ਦਾ ਜਜ਼ਬਾ ਵੀ ਭਾਰੂ ਸੀ ਪਰ ਇਨ੍ਹਾਂ ਪੱਛਮੀ ਦੇਸ਼ਾਂ ਦੇ ਲੇਖਕਾਂ ਨੇ ਬਾਲ-ਮਨਾਂ ਨੂੰ ਸਮਝਣ ਦਾ ਯਤਨ ਕੀਤਾ। ਇਨ੍ਹਾਂ ਨੇ ਆਪਣੇ ਅੰਦਰ ਸੁੱਤੇ ਹੋਏ ਬਾਲ ਨੂੰ ਨੀਂਦ ਤੋਂ ਜਗਾਇਆ ਤੇ ਉਨ੍ਹਾਂ ਤੋਂ ਕਹਾਣੀਆਂ, ਗੀਤ ਤੇ ਕਵਿਤਾਵਾਂ ਆਦਿ ਲਿਖਵਾਉਣ ਲੱਗੇ। ਇਨ੍ਹਾਂ ਲੇਖਕਾਂ 'ਚ 18ਵੀਂ ਸਦੀ ਦੇ Daniel Dafoe ਤੇ 19ਵੀਂ ਸਦੀ ਦੇ Jacob and Wilhelm Grimm, Charles Dickens, Lewis Carrol ਤੇ Hans Anderson Christian ਨਾਮੀ ਬਾਲ ਲੇਖਕ ਹਨ। Lewis Carrol ਦਾ ਨਾਵਲ Alice Adventure in Wonderland ਬਹੁਤ ਸਾਰੀਆਂ ਭਾਸ਼ਾਵਾਂ 'ਚ ਅਨੁਵਾਦ ਹੋ ਚੁੱਕਾ ਹੈ ਤੇ ਕਈ ਭਾਸ਼ਾਵਾਂ 'ਚ ਇਸ 'ਤੇ ਫ਼ਿਲਮਾਂ ਬਣ ਚੁੱਕੀਆਂ ਹਨ। ਇਸ ਨੂੰ ਵਿਸ਼ਵ-ਪੱਧਰ 'ਤੇ ਬੱਚਿਆਂ ਵੱਲੋਂ ਪਸੰਦ ਕੀਤਾ ਜਾਂਦਾ ਹੈ। ਲੇਖਕ ਆਪ ਛੋਟੀ ਜਿਹੀ ਬੱਚੀ ਦੇ ਮਨ ਨਾਲ ਹਰ ਚੀਜ਼ ਨੂੰ ਦੇਖਦਾ ਹੈ ਤੇ ਜਿਵੇਂ ਦੀਆਂ ਉਹ ਚੀਜ਼ਾਂ ਉਸ ਬੱਚੀ ਦੇ ਮਨ ਨੂੰ

ਦਿਸਦੀਆਂ ਹਨ, ਉਹ ਉਵੇਂ ਹੀ ਲਿਖਦਾ ਹੈ। ਜਾਨਵਰਾਂ ਨਾਲ ਬੱਚਿਆਂ ਦਾ ਸੰਵਾਦ ਬੇਹੱਦ ਰੌਚਿਕ ਹੈ। ਬੇਗ਼ਮ, ਬਾਦਸ਼ਾਹ, ਸਿਪਾਹੀਆਂ ਤੇ ਜੱਜਾਂ ਨਾਲ ਲੇਖਕ ਭੋਲੇ-ਭਾਅ ਬੱਚਿਆਂ ਦੀ ਮਾਨਸਿਕਤਾ ਸਿਰਜਣ 'ਚ ਸਮਰੱਥ ਹੈ। ਹਾਂਸ ਕ੍ਰਿਸਚੀਅਨ ਐਂਡਰਸਨ ਦੀਆਂ ਕਹਾਣੀਆਂ ਪੜ੍ਹ ਕੇ ਤਾਂ ਇਕ ਤਰ੍ਹਾਂ ਬੱਚਿਆਂ ਦੇ ਸੰਸਾਰ 'ਚ ਦਾਖ਼ਲ ਹੋਣ ਵਾਲੀ ਗੱਲ ਹੈ। ਉਹ ਨਿਰਜੀਵ ਗੁੱਡੇ, ਗੁੱਡੀਆਂ, ਨੌਕਰ-ਨੌਕਰਾਣੀਆਂ, ਖਿਡੌਣੇ ਨੁਮਾ ਚੀਜ਼ਾਂ ਤੋਂ ਸੁਤੇਸਿੱਧ ਹੀ ਬੱਚਿਆਂ ਦੇ ਮੂੰਹੋਂ ਬਚਕਾਨਾਂ ਗੱਲਾਂ ਕਢਾਉਂਦਾ ਹੈ। ਕਹਿਣ ਨੂੰ ਤਾਂ ਅਸੀਂ ਉਸ ਨੂੰ ਬੱਚਿਆਂ ਦਾ ਲੇਖਕ ਮੰਨਦੇ ਹਾਂ ਪਰ ਉਹ ਬਾਲਗਾਂ ਲਈ ਵੀ ਉਸ ਦਾ ਸੰਸਾਰ ਬਰਾਬਰ ਦਿਲਚਸਪ ਹੈ। ਹਾਂਸ ਦਾ ਮਾਮੂਲੀ ਤੋਂ ਮਾਮੂਲੀ ਚੀਜ਼ਾਂ ਦਾ ਬਿਰਤਾਂਤ ਸਾਨੂੰ ਸੁਪਨਮਈ ਦੇਸ਼ 'ਚ ਲੈ ਜਾਂਦਾ ਹੈ। ਜੇ ਉਹ ਫੁੱਲਾਂ, ਪੱਤੀਆਂ ਦਾ ਬਿਰਤਾਂਤ ਕਰਨ ਲੱਗਦਾ ਹੈ ਤਾਂ ਅਸੀਂ ਆਪਣੇ ਆਪ ਨੂੰ ਫੁੱਲਾਂ ਦੇ ਸੰਸਾਰ ਦੇ ਹੀ ਵਾਸੀ ਸਮਝਣ ਲੱਗ ਪੈਂਦੇ ਹਾਂ। ਜੇ ਉਹ ਕਿਸੇ ਸਮੁੰਦਰੀ ਜੀਵ ਜਾਂ ਹਵਾ 'ਚ ਉੱਡਣ ਵਾਲੇ ਪੰਛੀ ਦਾ ਬਿਰਤਾਂਤ ਕਰਦਾ ਹੈ ਤਾਂ ਉਹ ਉਨ੍ਹਾਂ ਦੇ ਮਨੋਭਾਵਾਂ ਨੂੰ ਅਸਲ ਰੰਗ 'ਚ ਓਤਪੋਤ ਕਰ ਦਿੰਦਾ ਹੈ। ਕਿਸੇ ਵੱਡ-ਆਕਾਰੀ ਦਰੱਖ਼ਤ ਜਾਂ ਖਿੜੇ ਹੋਏ ਰੰਗ ਬਿਰੰਗੇ ਪਲ ਦਾ ਮੁਕਾਬਲਾ ਜਦੋਂ ਉਹ ਛੋਟੇ ਕੱਦ ਦੇ ਦਰੱਖ਼ਤ ਤੇ ਘਸਮੈਲੇ ਰੰਗ ਦੇ ਫੁੱਲਾਂ ਨਾਲ ਕਰਦਾ ਹੈ ਤਾਂ ਉਹ ਸਹਿਜੇ ਹੀ ਬਾਲ ਤੇ ਬਾਲਗਾਂ ਨੂੰ 'ਹੰਕਾਰ ਦਾ ਸਿਰ ਨੀਵਾਂ' ਹੋਣ ਵਾਲੀ ਸਿੱਖਿਆ ਦੇ ਜਾਂਦਾ ਹੈ। ਉਹ ਆਪਣੀਆਂ ਕਹਾਣੀਆਂ ਨਾਲ ਬਾਲ-ਮਨਾਂ ਨੂੰ ਖੰਭ ਲਾਉਣ ਦੇ ਪੂਰੀ ਤਰ੍ਹਾਂ ਸਮਰੱਥ ਹੈ। ਵੀਹਵੀਂ ਸਦੀ 'ਚ ਐਂਟੋਇਨ ਡੇ ਸੇਂਟ ਐਗਜ਼ੂਪਰੀ ਦਾ ਨਾਵਲ 'ਦ ਲਿਟਲ ਪ੍ਰਿੰਸ' ਬੱਚਿਆਂ ਦੀ ਮਾਸੂਮੀਅਤ ਦੀ ਪੂਰੀ ਤਰ੍ਹਾਂ ਤਰਜਮਾਨੀ ਕਰਦਾ ਹੈ।

ਜੇ ਅਸੀਂ ਆਪਣੇ ਦੇਸ਼ ਦੇ ਬਾਲ ਸਾਹਿਤ ਦੀ ਗੱਲ ਕਰੀਏ ਤਾਂ ਮਹਾਂਕਵੀ ਰਾਬਿੰਦਰ ਨਾਥ ਟੈਗੋਰ ਜੀ ਨੇ ਵੀ ਬੱਚਿਆਂ ਦਾ ਕਾਫ਼ੀ ਸਾਹਿਤ ਰਚਿਆ ਹੈ। ਇਸ 'ਚ ਦੇਸ਼ ਭਗਤੀ ਦੀਆਂ ਕਈ ਬਾਲ ਕਵਿਤਾਵਾਂ ਹਨ। ਉਨ੍ਹਾਂ ਦੀਆਂ ਕਹਾਣੀਆਂ ਜਿਵੇਂ ਕਿ 'ਕਾਬਲੀ ਵਾਲਾ' ਤੇ 'The Child's Return' ਦਿਲ ਨੂੰ ਟੁੰਬਦੀਆਂ ਤਾਂ ਬਹੁਤ ਹਨ ਪਰ ਉਹ ਬੱਚਿਆਂ ਲਈ ਜ਼ਿਆਦਾ ਉਪਭਾਵੁਕ ਹੋ ਜਾਂਦੀਆਂ ਹਨ।

ਆਰ. ਕੇ. ਨਰਾਇਣ ਦੀਆਂ ਆਪਣੀਆਂ ਕਹਾਣੀਆਂ 'ਚ ਜਿਵੇਂ Swami and his Father ਵਿਚ ਬੱਚਿਆਂ ਦੀ ਮਾਨਸਿਕਤਾ ਪੂਰੀ ਤਰ੍ਹਾਂ ਝਲਕਦੀ ਹੈ। ਉਨ੍ਹਾਂ ਦੀ ਕਿਤਾਬ Malgudi Adventure ਵਿਚ ਬੱਚਿਆਂ ਵੱਲੋਂ ਪਸੰਦ ਕੀਤੀਆਂ ਜਾਣ ਵਾਲੀਆਂ ਕਹਾਣੀਆਂ ਹਨ। ਸਾਨੂੰ ਅਜਿਹੇ ਲੇਖਕਾਂ ਤੋਂ ਬਾਲਾਂ ਲਈ ਲਿਖਣ ਵਾਸਤੇ ਸੇਧ ਲੈਣ ਦੀ ਲੋੜ ਹੈ।

ਸਾਡੇ ਹਿੰਦੀ ਦੇ ਰਸਾਲੇ ਚੰਪਕ, ਬਾਲ, ਹੰਸ, ਚਕਮਕ ਅਤੇ ਚੰਦਾ-ਮਾਮਾ ਆਦਿ ਬਾਲ ਸਾਹਿਤ ਸਿਰਜਣ 'ਚ ਆਪਣਾ ਵੱਡਾ ਹਿੱਸਾ ਪਾ ਰਹੇ ਹਨ। ਪੰਜਾਬੀ ਦੇ ਰਸਾਲਿਆਂ ਜਿਵੇਂ ਬਾਲ-ਸੰਦੇਸ਼, ਛਣਕਣਾ, ਆਲਾ-ਭੋਲਾ ਦਾ ਵੀ ਬਾਲ ਸਾਹਿਤ 'ਚ ਕਾਫ਼ੀ ਯੋਗਦਾਨ ਹੈ ਪਰ ਇਹ ਰਸਾਲੇ ਆਰਥਿਕ ਤੰਗੀ ਦਾ ਸ਼ਿਕਾਰ ਹੋ ਗਏ ਹਨ।

ਪੰਜਾਬ ਬਾਲ ਸਾਹਿਤ 'ਚ 'ਨਿੱਕੀਆਂ ਕਰੂੰਬਲਾਂ' ਦਾ ਵਿਸ਼ੇਸ਼ ਯੋਗਦਾਨ ਹੈ। ਇਸੇ ਤਰ੍ਹਾਂ 'ਪ੍ਰਾਇਮਰੀ ਸਿੱਖਿਆ' ਤੇ 'ਪੰਖੜੀਆਂ' ਭਾਵੇਂ ਸਰਕਾਰੀ ਰਿਸਾਲੇ ਹਨ ਪਰ ਇਹ ਬਹੁਤ ਸਾਰੇ ਬਾਲ-ਲੇਖਕ ਅੱਗੇ ਲਿਆ ਰਹੇ ਹਨ। ਇਨ੍ਹਾਂ 'ਚੋਂ ਬਹੁਤ ਸਾਰੇ ਨਾਮੀ ਲੇਖਕ ਵੀ ਆਪਣੀਆਂ ਬਾਲ-ਲਿਖਤਾਂ ਦੇ ਕੇ, ਮਾਂ-ਬੋਲੀ ਦੀ ਤੇ ਬਾਲ-ਸਾਹਿਤ ਦੀ ਸ਼ਾਨ ਵਧਾ ਰਹੇ ਹਨ। ਜ਼ਿਲ੍ਹਾ ਬਾਲ ਭਲਾਈ ਕੌਂਸਲ ਪਟਿਆਲਾ ਵੱਲੋਂ 'ਬਾਲ ਪ੍ਰੀਤ' ਦੋ-ਮਾਸਿਕ ਰਸਾਲਾ ਆਪਣੀ ਖ਼ੂਬਸੂਰਤ ਰੰਗਦਾਰ ਛਪਾਈ ਨਾਲ ਬਾਲ-ਸਾਹਿਤ ਨੂੰ ਯੋਗ ਸਥਾਨ ਦੇਣ ਲਈ ਵਧੀਆ ਕੰਮ ਕਰ ਰਿਹਾ ਹੈ। ਦਿੱਲੀ ਤੋਂ ਛਪਦੇ 'ਹੰਸਤੀ ਦੁਨੀਆ' ਦੀ ਵੀ ਵਿਲੱਖਣ ਪਛਾਣ ਹੈ।

ਬਾਲ-ਸਾਹਿਤ ਦੇ ਲੇਖਕਾਂ ਨੂੰ ਬਾਲ-ਸਾਹਿਤ ਦਾ ਕੰਮ ਗਹਿਰ-ਗੰਭੀਰ ਹੋ ਕੇ ਕਰਨਾ ਚਾਹੀਦਾ ਹੈ ਪਰ ਇਹ ਸਾਹਿਤ ਬਾਲ-ਮਨਾਂ ਨੂੰ ਗੰਭੀਰ ਨਾ ਲੱਗੇ। ਇਹ ਉਨ੍ਹਾਂ ਦੀ ਮਾਨਸਿਕਤਾ ਦੇ ਬਰਾਬਰ ਦਾ ਹੋਵੇ ਤਾਂ ਜੋ ਇਸ ਤੋਂ ਦਿਲ-ਪ੍ਰਚਾਵੇ ਦੇ ਨਾਲ-ਨਾਲ ਆਪਮੁਹਾਰੇ ਹੀ ਉਨ੍ਹਾਂ ਨੂੰ ਕਈ ਸਿੱਖਿਆ ਤੇ ਭਵਿੱਖ ਲਈ ਸੇਧ ਮਿਲੇ ਤੇ ਉਨ੍ਹਾਂ ਦੀ ਸੋਚ ਹਾਂ-ਪੱਖੀ ਬਣੇ। ਬਾਲ-ਸਾਹਿਤ 'ਤੇ ਧਰਮ ਜਾਂ ਜਾਤ-ਪਾਤ ਦਾ ਅਸਰ ਬਿਲਕੁਲ ਨਹੀਂ ਹੋਣਾ ਚਾਹੀਦਾ। ਬਾਲ ਸਾਹਿਤ ਅਜਿਹਾ ਹੋਣਾ ਚਾਹੀਦਾ ਹੈ, ਜਿਸ ਨਾਲ ਬੱਚਿਆਂ ਨੂੰ ਹੋਰ ਗਿਆਨ ਹਾਸਲ ਕਰਨ ਦਾ ਉਤਸ਼ਾਹ ਮਿਲੇ। ਲੇਖਕ ਅਜਿਹਾ ਬਾਲ ਸਾਹਿਤ ਲਿਖਣ ਜਿਸ ਨਾਲ ਬੱਚਿਆਂ ਅੰਦਰ ਚੰਗਾ ਸੋਚਣ ਤੇ ਕੁਝ ਚੰਗਾ ਕਰਨ ਦੀ ਚਿਣਗ ਲੱਗੇ। ਬਾਲ ਸਾਹਿਤ ਪੜ੍ਹਨ ਨਾਲ ਬੱਚਿਆਂ ਨੂੰ ਆਪ ਲਿਖਣ ਦਾ ਸ਼ੌਕ ਵੀ ਜਾਗਣਾ ਚਾਹੀਦਾ ਹੈ। ਲੇਖਕਾਂ ਨੇ ਪੂਰੀ ਮਿਹਨਤ ਤੇ ਤਨਦੇਹੀ ਨਾਲ ਬਾਲ-ਸਾਹਿਤ ਵੱਲ ਧਿਆਨ ਦੇਣ ਦੀ ਲੋੜ ਹੈ। ਇਹ ਰਹਿਆ-ਖਹਿਆ ਕੰਮ ਨਹੀਂ ਹੈ, ਇਹ ਤਾਂ ਅਸਲੀ ਕੰਮ ਹੈ ਜਿਸ ਦਾ ਸਾਡੇ ਦੇਸ਼ ਦੇ ਭਵਿੱਖ ਭਾਵ ਬੱਚਿਆਂ 'ਤੇ ਅਸਰ ਪੈਣਾ ਹੈ। ਬਾਲ-ਸਾਹਿਤ ਲਿਖਣ ਲੱਗਿਆਂ ਲੇਖਕ ਨੂੰ ਆਪਣੇ ਬਚਪਨ ਵੱਲ ਝਾਤੀ ਮਾਰਨੀ ਚਾਹੀਦੀ ਹੈ ਤੇ ਹਰ ਚੀਜ਼ ਤੇ ਰਿਸ਼ਤੇ ਵੱਲ ਬੱਚੇ ਦੀ ਨਿਗਾਹ ਨਾਲ ਦੇਖ-ਘੋਖ ਕੇ ਬੇਹੱਦ ਦਿਲਚਸਪ ਢੰਗ ਨਾਲ ਲਿਖਣ ਕਾਰਜ ਕਰਨਾ ਚਾਹੀਦਾ ਹੈ। ਜੇ ਅਸੀਂ ਬਾਲ ਸਾਹਿਤ ਰਚਦਿਆਂ ਬੱਚਿਆਂ ਨੂੰ ਕੋਈ ਸਿੱਖਿਆ ਵੀ ਦੇਣੀ

ਚਾਹੁੰਦੇ ਹਾਂ ਤਾਂ ਇਹ ਸਿੱਖਿਆ ਬਾਲ-ਮਨਾਂ ਲਈ ਭਾਰੂ ਨਾ ਬਣੇ ਬਲਕਿ ਬੱਚਿਆਂ ਦੇ ਮਨ 'ਤੇ ਉਸ ਦਾ ਅਸਰ ਜਾਣੇ-ਅਣਜਾਣੇ 'ਚ ਹੀ ਹੋ ਜਾਣਾ ਚਾਹੀਦਾ ਹੈ।

ਬਾਲ ਸਾਹਿਤ ਪੜ੍ਹ ਕੇ ਬੱਚਿਆਂ ਦੀ ਕਲਪਨਾ ਸ਼ਕਤੀ ਦਾ ਵਿਕਾਸ ਹੋਣਾ ਚਾਹੀਦਾ ਹੈ ਤਾਂ ਕਿ ਉਨ੍ਹਾਂ ਦਾ ਬਾਲ-ਮਨ ਸਾਹਿਤ ਪੜ੍ਹਦਿਆਂ ਉਡਾਰੀਆਂ ਲਾਵੇ ਤੇ ਦੁਨੀਆ ਨੂੰ ਬਿਹਤਰ ਬਣਾਉਣ ਲਈ ਉਨ੍ਹਾਂ ਦੀ ਸੋਚਣ-ਸ਼ਕਤੀ ਨੂੰ ਖੰਭ ਲੱਗਣ। ਪਰ ਧਿਆਨ ਰੱਖਿਆ ਜਾਵੇ ਕਿ ਕਲਪਨਾ ਦੀ ਦੁਨੀਆ ਸਿਰਜਣ ਨਾਲ ਰੌਚਿਕਤਾ ਤਾਂ ਜ਼ਰੂਰ ਵਧਦੀ ਹੈ ਪਰ ਬਾਲ-ਸਾਹਿਤ ਦੀ ਸਿਰਜਣਾ 'ਚ ਤਰਕ ਤੇ ਵਿਗਿਆਨ ਨੂੰ ਵੀ ਨਾਲ-ਨਾਲ ਚੱਲਣਾ ਚਾਹੀਦਾ ਹੈ ਤਾਂ ਜੋ ਬੱਚਿਆਂ ਨੂੰ ਅਸਲ ਤੇ ਕਾਲਪਨਿਕ ਦੁਨੀਆ ਦਾ ਪਤਾ ਲੱਗਦਾ ਰਹੇ ਤੇ ਬੱਚਿਆਂ ਨੂੰ ਆਪਣੇ ਸਵਾਲਾਂ ਦੇ ਸਹੀ ਜਵਾਬ ਮਿਲ ਸਕਣ। ਬਾਲ ਸਾਹਿਤ ਹਮੇਸ਼ਾ ਮਾਂ-ਬੋਲੀ 'ਚ ਹੋਏਗਾ ਤਾਂ ਹੀ ਬਚਪਨ ਦੀਆਂ ਨੀਂਹਾਂ ਪੱਕੀਆਂ ਬਣ ਸਕਣਗੀਆਂ। ਬਾਲ ਸਾਹਿਤ 'ਚ ਕਵਿਤਾਵਾਂ, ਕਹਾਣੀਆਂ ਨਾਲ ਰੰਗਦਾਰ ਦਿਲਕਸ਼ ਤਸਵੀਰਾਂ ਹੋਣੀਆਂ ਚਾਹੀਦੀਆਂ ਹਨ ਤਾਂ ਜੋ ਬਾਲਾਂ ਦੀ ਪੜ੍ਹਨ 'ਚ ਰੁਚੀ ਵਧੇ। ਬਾਲ-ਸਾਹਿਤ 'ਚ ਮੁਸ਼ਕਲ ਸ਼ਬਦਾਂ ਤੇ ਵਾਕਾਂ ਦਾ ਪਰਹੇਜ਼ ਕਰਨਾ ਚਾਹੀਦਾ ਹੈ। ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਬਾਲ-ਸਾਹਿਤ ਬੱਚਿਆਂ ਦੀ ਉਮਰ ਅਨੁਸਾਰ ਹੋਵੇ। ਇਥੋਂ ਤਕ ਕਿ ਇਸ ਸਾਹਿਤ 'ਚ ਜੇ ਕਿਤੇ ਤੋਤਲੀ ਬੋਲੀ ਵੀ ਵਰਤੀ ਜਾਏ ਤਾਂ ਕੋਈ ਮਾੜੀ ਗੱਲ ਨਹੀਂ। ਕਵਿਤਾਵਾਂ, ਗੀਤ ਆਦਿ ਸੌਖਿਆਂ ਹੀ ਮੂੰਹ 'ਤੇ ਚੜ੍ਹ ਜਾਣੀਆਂ ਚਾਹੀਦੀਆਂ ਹਨ।

ਸਾਨੂੰ ਬਾਲ ਸਾਹਿਤ ਲਿਖਣ ਲਈ ਬੱਚਿਆਂ ਦੇ ਦੋਸਤ ਬਣਨਾ ਚਾਹੀਦਾ ਹੈ। ਉਨ੍ਹਾਂ ਨਾਲ ਗੱਲਾਂ ਕਰਨੀਆਂ ਚਾਹੀਦੀਆਂ ਹਨ ਤਾਂ ਜੋ ਉਨ੍ਹਾਂ ਦੇ ਮਨਾਂ ਦੇ ਸਵਾਲ ਬੁੱਝ ਸਕੀਏ ਤੇ ਉਨ੍ਹਾਂ ਦੇ ਉੱਤਰ ਸੌਖਿਆਂ ਹੀ ਦੇ ਸਕੀਏ। ਹਰ ਕਹਾਣੀ, ਕਵਿਤਾ ਤੇ ਲਿਖਤ ਬਾਲਾਂ ਨੂੰ ਠੀਕ ਸੇਧ ਦੇਣ ਵਾਲੀ, ਵਧੀਆ ਸੁਨੇਹੇ ਦੇਣ ਵਾਲੀ ਹੋਣੀ ਚਾਹੀਦੀ ਹੈ ਤਾਂ ਜੋ ਉਹ ਪਰਿਵਾਰ, ਸਮਾਜ ਤੇ ਦੇਸ਼ ਪ੍ਰਤੀ ਜ਼ਿੰਮੇਵਾਰ ਨਾਗਰਿਕ ਬਣ ਸਕਣ। ਲੇਖਕਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਆਪਣੀਆਂ ਲਿਖਤਾਂ ਨਾਲ ਬੱਚੇ ਨੂੰ ਨਿਰਪੱਖ ਸੋਚ ਦੇ ਧਾਰਨੀ ਬਣਾਉਣ। ਬਾਲ ਸਾਹਿਤ ਪੜ੍ਹਨ ਨਾਲ ਬਾਲਾਂ ਦੀ ਆਪਣੀ ਪ੍ਰਤਿਭਾ ਨੂੰ ਵੀ ਬਾਹਰ ਆਉਣ ਦਾ ਮੌਕਾ ਮਿਲਣਾ ਚਾਹੀਦਾ ਹੈ। ਬਾਲ ਸਾਹਿਤ ਪੜ੍ਹਨ ਦੀ ਚੇਟਕ ਲਾਉਣ ਵਿਚ ਮਾਪਿਆਂ ਤੇ ਅਧਿਆਪਕਾਂ ਦਾ ਪੂਰਾ ਹੱਥ ਹੋਣਾ ਚਾਹੀਦਾ ਹੈ ਪਰ ਤਕਨੀਕ ਯੁੱਗ ਦੇ ਆਉਣ ਨਾਲ ਹੋਰ ਸਭ ਕੁਝ ਦੇ ਨਾਲ-ਨਾਲ ਬਾਲ ਸਾਹਿਤ ਦਾ ਵਿਸਥਾਰ ਵੀ ਹੋਇਆ ਹੈ। ਇੰਟਰਨੈੱਟ 'ਤੇ ਸਾਨੂੰ ਬਹੁਤ ਸਾਰੀਆਂ ਭਾਸ਼ਾਵਾਂ 'ਚ ਬਾਲ-ਸਾਹਿਤ ਉਪਲਬਧ ਹੈ। ਅੱਜ ਕੱਲ੍ਹ ਤਾਂ ਬਹੁਤ ਸਾਰੀਆਂ ਬਾਲ ਕਹਾਣੀਆਂ ਤੇ ਕਾਰਟੂਨ ਫ਼ਿਲਮਾਂ ਤੇ ਐਨੀਮੇਟਿਡ ਫ਼ਿਲਮਾਂ ਬਣ ਗਈਆਂ ਹਨ ਜੋ ਬੱਚਿਆਂ ਨੂੰ ਆਪਣੇ ਨਾਲ ਜੋੜੀ ਰੱਖਦੀਆਂ ਹਨ। ਹੁਣ ਬੱਚੇ ਵੀ ਸਾਰੇ ਸੰਸਾਰ ਨਾਲ ਜੁੜਨਾ ਚਾਹੁੰਦੇ ਹਨ ਪਰ ਇੰਟਰਨੈੱਟ 'ਤੇ ਬੱਚਿਆਂ ਨੂੰ ਬਾਲ-ਸਾਹਿਤ ਨਾਲ ਜੁੜਨ ਲਈ ਮਾਪਿਆਂ ਤੇ ਅਧਿਆਪਕਾਂ ਦੀ ਜ਼ਿਆਦਾ ਰਹਿਨੁਮਾਈ ਦੀ ਲੋੜ ਹੈ। ਮਾਪਿਆਂ ਤੇ ਅਧਿਆਪਕਾਂ ਨੂੰ ਚਾਹੀਦਾ ਹੈ ਕਿ ਉਹ ਉਨ੍ਹਾਂ ਨੂੰ ਸਮਝਾਉਣ ਕਿ ਬੱਚੇ ਕੀ ਦੇਖਣ ਤੇ ਕਿੰਨੇ ਸਮੇਂ ਲਈ ਦੇਖਣ। ਇਹ ਸਾਰਾ ਕੰਮ ਵੱਡਿਆਂ ਦੀ ਦੇਖਭਾਲ 'ਚ ਹੀ ਹੋਣਾ ਚਾਹੀਦਾ ਹੈ।

ਸੋ ਭਾਵੇਂ ਬਾਲ ਸਾਹਿਤ ਦੇ ਲੇਖਕ ਲਈ ਬਾਲ ਸਾਹਿਤ ਰਚਨਾ ਔਖਾ ਕੰਮ ਹੈ ਪਰ ਅਸੰਭਵ ਨਹੀਂ। ਜੇ ਲੇਖਕ ਇਸ ਕੰਮ ਨੂੰ ਪੂਰੇ ਤਨੋ-ਮਨੋ ਹੋ ਕੇ ਆਪਣਾ ਦਿਲ ਬੱਚਿਆਂ ਨੂੰ ਦੇ ਕੇ ਪੂਰੀ ਤਰ੍ਹਾਂ ਸਮਰਪਿਤ ਹੋ ਕੇ ਕਰੇ ਤਾਂ ਵਧੀਆ ਬਾਲ ਸਾਹਿਤ ਸਿਰਜਿਆ ਜਾ ਸਕਦਾ ਹੈ ਕਿਉਂਕਿ ਇਸੇ ਸਾਹਿਤ 'ਤੇ ਹੀ ਸਾਡਾ ਭਵਿੱਖ ਨਿਰਭਰ ਕਰਦਾ ਹੈ।

ਸਕੂਲਾਂ 'ਚ ਹਫ਼ਤੇ ਵਾਰ ਜਾਂ ਪੰਦਰਾਂ ਦਿਨਾਂ ਬਾਅਦ ਬਾਲ ਸਭਾ ਹੋਣੀਆਂ ਚਾਹੀਦੀਆਂ ਹਨ, ਜਿਨ੍ਹਾਂ 'ਚ ਬੱਚਿਆਂ ਨੂੰ ਵੀ ਬਾਲ-ਸਾਹਿਤ ਸਿਰਜਣ ਦਾ ਮੌਕਾ ਮਿਲ ਸਕਦਾ ਹੈ। ਜਦੋਂ ਸਕੂਲਾਂ 'ਚ ਸਾਲਾਨਾ ਇਨਾਮ-ਵੰਡ ਸਮਾਗਮ ਹੁੰਦਾ ਹੈ ਤਾਂ ਪੜ੍ਹਾਈ ਤੇ ਖੇਡਾਂ 'ਚ ਮੱਲਾਂ ਮਾਰਨ ਵਾਲੇ ਬੱਚਿਆਂ ਦੇ ਨਾਲ ਹੀ ਬੱਚਿਆਂ ਨੂੰ ਵਧੀਆ ਬਾਲ-ਰਚਨਾਵਾਂ ਆਦਿ ਦੇ ਖੇਤਰ 'ਚ ਇਨਾਮ ਜਾਂ ਸਰਟੀਫ਼ਿਕੇਟ ਦੇ ਕੇ ਉਤਸ਼ਾਹਤ ਕੀਤਾ ਜਾ ਸਕਦਾ ਹੈ। ਇਹ ਵਿਦਿਆਰਥੀ ਜੀਵਨ ਹੀ ਹੈ, ਜਿਸ 'ਚ ਪੜ੍ਹਿਆ ਹੋਇਆ ਸਾਹਿਤ ਸਾਡੀ ਜ਼ਿੰਦਗੀ 'ਚ ਕਿਤੇ ਕੰਮ ਆਉਂਦਾ ਹੈ ਤੇ ਸਾਡੇ ਵਿਅਕਤਿਤਵ 'ਚ ਨਿਖ਼ਾਰ ਲਿਆਉਂਦਾ ਹੈ।

ਜੇਕਰ ਪੰਜਾਬੀ ਸਾਹਿਤ ਵਿਚ ਬਾਲ ਸਾਹਿਤ ਦੀ ਕੋਈ ਪ੍ਰੌੜ ਪਰੰਪਰਾ ਸਥਾਪਤ ਨਹੀਂ ਹੋ ਸਕੀ ਤਾਂ ਇਸ ਦੇ ਕਿਹੜੇ ਕਾਰਨ ਹੋ ਸਕਦੇ ਹਨ? ਪੰਜਾਬੀ ਦਾਨਿਸ਼ਵਰਾਂ ਨੂੰ ਇਹ ਵੀ ਸੋਚਣਾ ਚਾਹੀਦਾ ਹੈ।

**